International Journal of Multidisciplinary Research and Development 2015; 2(8): 724-726

International Journal of Multidisciplinary Research and Development

Volume: 2, Issue: 8, 724-726
Aug 2015
www.allsubjectjournal.com
e-ISSN: 2349-4182
p-ISSN: 2349-5979
Impact Factor: 5.742

**Dr. Rachhpal Singh Uppal**
Guru Nanak Khalsa College,
Abohar, Punjab, India.

**Correspondence**
**Dr. Rachhpal Singh Uppal**
Guru Nanak Khalsa College,
Abohar, Punjab, India.

# ਪੰਜਾਬ, ਪੰਜਾਬੀ ਤੇ ਪੰਜਾਬੀਅਤ ਦਾ ਅਲੰਮਬਰਦਾਰ- ਫੀਰੋਜ਼ਦੀਨ ਸ਼ਰਫ

**Dr. Rachhpal Singh Uppal**

## Introduction

ਪੰਜਾਬੀ ਸਾਹਿਤ ਦੇ ਸਤਿਕਾਰਤ ਹਸਤਾਖ਼ਰ, ਪੰਜਾਬੀਅਤ ਦੇ ਅਲੰਮਬਰਦਾਰ ਫੀਰੋਜ਼ਦੀਨ ਸ਼ਰਫ ਦਾ ਜਨਮ 1898 ਈ: ਵਿਚ ਅਮ੍ਰਿਤਸਰ ਜ਼ਿਲੇ ਚ ਰਾਜਾਸਾਂਸੀ ਦੇ ਨੇੜਲੇ ਪਿੰਡ ਤੋਲਾ ਨੰਗਲ ਵਿਖੇ, ਰੇਲਵੇ ਪੁਲਿਸ ਦੇ ਸਿਪਾਹੀ, ਰਾਜਪੂਤ ਜਾਤ ਦੇ ਖਾਨ ਵੀਰੂ ਖਾਂ ਦੇ ਘਰ ਹੋਇਆ। ਸੱਤ ਸਾਲ ਦੀ ਉਮਰ ਵਿੱਚ ਹੀ ਪਿਤਾ ਦਾ ਸਾਇਆ ਸਿਰ ਤੋਂ ਉਠਣ ਤੇ ਸਕੂਲੀ ਸਿੱਖਿਆ ਤੋਂ ਵਾਝਾਂ ਰਹਿਣ ਦੇ ਬਾਵਜ਼ੂਦ ਵੀ ਸ਼ਰਫ ਉਸਤਾਦ ਕਵੀ ਮਹੰਮਦ ਰਮਜ਼ਾਨ 'ਹਮਦਮ' ਦੀ ਸਰਪ੍ਰਸਤੀ ਅਤੇ ਸੁਚੱਜੀ ਅਗਵਾਈ ਸਦਕਾ ਪੰਜਾਬੀ ਮਾਂ ਬੋਲੀ ਦਾ ਸਨਮਾਨਯੋਗ ਸ਼ਾਇਰ ਹੋ ਨਿਬੜਿਆ।

ਬਾਬੂ ਫ਼ਿਰੋਜ਼ਦੀਨ ਸ਼ਰਫ ਦੀ ਕਵਿਤਾ ਮੂਲ ਰੂਪ ਵਿਚ ਪੰਜਾਬੀ ਕਵੀ ਦਰਬਾਰਾਂ ਦੀ ਹੀ ਉਪਜ ਸੀ। ਪੰਜਾਬ ਦੀ ਹਰ ਨੁੱਕਰ ਜਾਂ ਪੰਜਾਬੋਂ ਬਾਹਰ ਜਿੱਥੇ ਵੀ ਕਿਧਰੇ ਵਸਦੇ ਪੰਜਾਬੀਆਂ ਵੱਲੋਂ ਕਵੀ ਦਰਬਾਰ ਕਰਵਾਏ ਜਾਂਦੇ ਸ਼ਰਫ ਦੀ ਸ਼ਮੂਲੀਅਤ ਮੁੱਖ ਅਕਰਸ਼ਣ ਹੁੰਦੀ ਤੇ ਉਸਦੀ ਗੈਰ ਹਾਜ਼ਰੀ ਵਿਚ ਕਵੀ ਦਰਬਾਰ ਦੀ ਰੰਗਤ ਫ਼ਿੱਕੀ ਪਾਈ ਜਾਂਦੀ। ਕਵੀ ਦਰਬਾਰਾਂ ਦਾ ਸ਼ਿੰਗਾਰ ਹੋਣ ਕਰਕੇ ਇਸ ਦੌਰ ਨੂੰ ਪ੍ਰੋ. ਐਸ. ਐਸ. ਅਮੋਲ 'ਕਵੀ ਦਰਬਾਰਾਂ ਦਾ ਸ਼ਰਫ ਕਾਲ ਆਖਦੇ ਹਨ'। ਸ਼ਰਫ ਲੱਗਭਗ ਤਿੰਨ ਦਹਾਕਿਆਂ ਤੱਕ ਪੰਜਾਬੀ ਕਵੀ ਦਰਬਾਰਾਂ ਦਾ ਸ਼ਿੰਗਾਰ ਬਣਿਆ ਰਿਹਾ। ਉਸ ਦੀ ਕਾਵਿਕ ਸੂਝ, ਰਸੀਲੀ ਤੇ ਸੁਰੀਲੀ ਆਵਾਜ਼ ਤੇ ਬਿਆਨ ਏ ਅੰਦਾਜ਼ ਸਦਕਾ ਲੱਖਾਂ ਹਿਰਦਿਆਂ 'ਚ ਘਰ ਕਰ ਲੈਣ ਦੀ ਪ੍ਰਤਿਭਾ ਨੇ ਉਸ ਨੂੰ ਮੋਹਰੀ ਕਵੀਆਂ ਦੀ ਕਤਾਰ ਦਾ ਸਨਮਾਨ ਬਖਸ਼ਿਆ ਤੇ ਲੋਕਾਂ ਵਿਚ ਉਹ ਪੰਜਾਬੀ ਬੁਲਬੁਲ ਕਰਕੇ ਸਤਿਕਾਰਿਆ ਜਾਣ ਲੱਗਾ। ਕਲਕੱਤੇ ਤੋਂ ਛਪਦੇ 'ਕਵੀ' ਮਾਸਿਕ ਪੱਤਰ ਦੇ ਸੰਪਾਦਕ ਮੁਨਸ਼ਾ ਸਿੰਘ ਦੁਖੀ ਨੇ ਆਪ ਦੀ ਕਾਵਿ ਪ੍ਰਤਿਭਾ ਤੇ ਤਰਜ਼ੇ ਅਦਾਇਗੀ ਤੋਂ ਪ੍ਰਭਾਵਿਤ ਹੋ ਕੇ ਲਿਖਿਆ ਹੈ :-

ਪੰਜਾਬੀ ਬੁਲਬੁਲ ਤੇਰੀ ਉਮਰ ਸਵਾਈ ਹੋਵੇ।
ਪੰਜਾਬੀ ਦੇ ਹੇ ਨਾਜ਼ ਸ਼ਰਫ ਸੌ ਸੌ ਵਧਾਈ ਹੋਵੇ [2]

ਸ਼ਰਫ ਦੇ ਪ੍ਰਕਾਸ਼ਿਤ ਕਾਵਿ ਸੰਗ੍ਰਹਿਆਂ ਦੀ ਗਿਣਤੀ 35 ਹੈ। ਇਨ੍ਹਾਂ ਵਿਚੋਂ ਕੁਝ ਕੁ ਵਿਸ਼ੇਸ਼ ਤੌਰ ਤੇ ਇਸਲਾਮ ਨਾਲ ਸੰਬਧਿਤ ਕੇਵਲ ਫਾਰਸੀ ਲਿੱਪੀ ਵਿਚ ਹਨ। ਇਸ ਤੋਂ ਇਲਾਵਾ ਉਸਨੇ ਤਿੰਨ ਵਾਰਾਂ (ਵਾਰ ਰਾਣੀ ਸਾਹਿਬ ਕੌਰ, ਵਾਰ ਦੁਰਗਾਵਤੀ, ਵਾਰ ਚਾਂਦਬੀਬੀ) ਅਤੇ ਬਹੁਤ ਸਾਰੀਆਂ ਪੰਜਾਬੀ ਫਿਲਮਾਂ (ਸੱਸੀ ਪੰਨੂ, ਚੰਨ ਵੇ, ਬਿੱਲੋ, ਹੀਰ ਸਿਆਲ, ਸੁੰਦਰੀ) ਲਈ ਕਹਾਣੀਆਂ ਅਤੇ ਗੀਤ ਵੀ ਲਿਖੇ। ਕਾਵਿ ਸੰਗ੍ਰਹਿ 'ਦੁੱਖਾਂ ਦੇ ਕੀਰਨੇ' ਜੋ ਕਿ ਅਕਾਲੀ ਲਹਿਰ ਤੋ ਪ੍ਰਭਾਵਿਤ ਹੋ ਕੇ ਗੁਲਾਮੀ ਦੀ ਲਾਹਨਤ ਤੇ ਅੰਗਰੇਜ਼ ਸਰਕਾਰ ਵਿਰੁੱਧ ਲਿਖੀਆਂ ਬਾਗੀਆਨਾ ਨਜ਼ਮਾਂ ਸਨ, ਨੂੰ ਲਿਖਣ ਤੇ ਜੇਕਰ ਉਸਨੂੰ ਇਕ ਸਾਲ ਦੀ ਕੈਦ ਭੁਗਤਣੀ ਪਈ ਤਾਂ 'ਸੁਨਹਿਰੀ ਕਲੀਆਂ' ਲਿਖਣ ਤੇ ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਦੇ ਟੈਕਸਟ ਬੁੱਕ ਬੋਰਡ ਵੱਲੋਂ ਸਾਢੇ ਸੱਤ ਸੌ ਰੁਪਏ ਦਾ ਇਨਾਮ ਵੀ ਸ਼ਰਫ ਦੀ ਝੋਲੀ ਪਾਇਆ ਗਿਆ।

ਸ਼ਰਫ ਕਾਲ ਦੌਰਾਨ ਉਪਰੋਥਲੀ ਤਿੰਨ ਅਜਿਹੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਨੇ ਸ਼ਰਫ ਦੀ ਕਾਵਿ ਚੇਤਨਾ ਨੂੰ ਅਜਿਹਾ ਜ਼ਬਰਦਸਤ ਹਲੂਣਾ ਦਿੱਤਾ ਜਿਸ ਨਾਲ ਉਸ ਦੀ ਕਵਿਤਾ ਰੋਮਾਂਟਿਕ ਰੰਗ ਚੋਂ ਨਿਕਲ ਕੇ ਸਮਕਾਲੀ ਪਰਸਥਿਤੀਆਂ ਦੀ ਹਾਣੀ ਬਣ ਗਈ। ਪਹਿਲੀ ਘਟਨਾ ਸੀ 1919 ਈ ਵਿੱਚ ਜੱਲਿਆਂ ਵਾਲੇ ਬਾਗ ਦਾ ਸਾਕਾ, ਦੂਜਾ 1920 ਵਿਚ ਰੇਲਵੇ ਮੁਲਾਜ਼ਮਾਂ ਦੀ ਹੜ੍ਹਤਾਲ ਤੇ ਤੀਜਾ ਗੁਰਦੁਆਰਿਆਂ ਦੇ ਸੁਧਾਰ ਲਈ ਨਨਕਾਣਾ ਸਾਹਿਬ ਤੇ ਗੁਰੂ ਕੇ ਬਾਗ ਦੇ ਮੋਰਚੇ।

ਸ਼ਰਫ ਨੂੰ ਪੰਜਾਬ ਦੀ ਧਰਤੀ ਦੇ ਜ਼ੱਰੇ-ਜ਼ੱਰੇ ਨਾਲ ਇਸ਼ਕ ਸੀ ਉਸਦੀ ਕਵਿਤਾ ਵਿਚ ਇੱਥੋ ਦੇ ਲੋਕਾਂ ਦੇ ਜੀਵਨ ਚੱਜ-ਅਚਾਰ, ਕਾਰ-ਵਿਹਾਰ, ਰਹਿਣ-ਸਹਿਣ, ਇਥੋ ਦੇ ਨਦੀਆਂ, ਖੂਹਾਂ-ਟੋਭਿਆਂ, ਖੇਤਾਂ, ਫ਼ਸਲਾਂ ਤੇ ਬਾਗ਼-ਬਾਗੀਚਿਆਂ ਦਾ ਭਰਵੇਂ ਰੂਪ ਵਿਚ ਵਰਣਨ ਮਿਲਦਾ ਹੈ । ਉਸ ਦੀ ਕਵਿਤਾ ਦਾ ਚੌਖ਼ਟਾ ਪੰਜਾਂ ਦਰਿਆਵਾਂ ਦੀ ਧਰਤੀ ਹੈ ਜਿਸਦੇ ਸੋਹਿਲੇ ਗਾਉਂਦਾ ਓਹ ਕਦੇ ਵੀ ਨਹੀਂ ਥੱਕਦਾ।ਉਸਦੀ ਕਵਿਤਾ "ਸੋਹਣੇ ਦੇਸ਼ਾਂ ਅੰਦਰ ਦੇਸ਼ ਪੰਜਾਬ ਨੀ ਸਹੀਓ, ਜਿਵੇਂ ਫੁੱਲਾਂ ਅੰਦਰ ਫੁੱਲ ਗੁਲਾਬ ਨੀ ਸਹੀਓ", ਦੋਵੇਂ ਪੰਜਾਬਾਂ ਦੇ ਬੱਚੇ-ਬੱਚੇ ਦੀ ਜ਼ਬਾਨ ਦਾ ਸ਼ਿੰਗਾਰ ਬਣੀ।ਸੋ ਉਸ ਦੀ ਕਵਿਤਾ ਵਿਚੋਂ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਝਰਨੇ ਵਹਿੰਦੇ ਨਜ਼ਰ ਆਉਂਦੇ ਹਨ।

ਪੰਜਾਬੀਅਤ ਇਕ ਅਜਿਹਾ ਸਭਿਆਚਾਰਕ ਸੰਕਲਪ ਹੈ ਜਿਸਦਾ ਸਬੰਧ ਪੰਜਾਬ ਨਾਂ ਦੇ ਭੂਗੋਲਿਕ ਖਿੱਤੇ, ਇਸ ਖੇਤਰ ਦੀ ਸਥਾਨਕ ਭਾਸ਼ਾ (ਪੰਜਾਬੀ) ਇਥੋਂ ਦੇ ਲੋਕਾਂ ਦੀ ਰਹਿਤਲ, ਜੀਵਨ-ਜਾਚ ਅਤੇ ਉਨ੍ਹਾਂ ਵਿਸ਼ੇਸ਼ ਗੁਣਾ ਨਾਲ ਹੈ ਜਿਹੜੇ ਇਸ ਨੂੰ ਭਾਰਤ ਦੀਆਂ ਦੂਜੀਆਂ ਕੌਮੀਅਤਾਂ ਤੋਂ ਨਿਖੇੜਦੇ ਹਨ। ਪੰਜਾਬੀਅਤ ਇਕ ਅਜਿਹਾ ਅਹਿਸਾਸ ਹੈ ਜਿਸ ਤੋ ਇਕ ਵਿਸ਼ੇਸ਼ ਪ੍ਰਕਾਰ ਦੀ ਵਿਲੱਖਣਤਾ ਦਾ ਝਲਕਾਰਾ ਪੈਂਦਾ ਹੈ। ਪੰਜਾਬੀਅਤ ਪੰਜਾਬੀ ਪਛਾਣ ਦਾ ਹੀ ਦੂਜਾ ਨਾਂ ਹੈ, ਪਛਾਣ ਜਿਹੜੀ ਭਾਸ਼ਾ, ਸਾਹਿਤ, ਭੂਗੋਲ ਇਤਹਾਸ ਅਤੇ ਲੋਕਯਾਨ ਲੋਕਧਾਰਾ ਆਦਿ ਰਾਹੀਂ ਉਜਾਗਰ ਹੁੰਦੀ ਹੈ।" 3

ਪੰਜਾਬੀਅਤ ਦੇ ਸੰਕਲਪ ਨੂੰ ਦ੍ਰਿੜਾਉਣ ਵਾਲੀਆਂ ਜਾਂ ਪੰਜਾਬੀਅਤ ਨਾਲ ਲਿਬਰੇਜ਼ ਸ਼ਰਫ ਦੀਆਂ ਅਨੇਕ ਕਵਿਤਾਵਾਂ ਹਨ ਜਿਨ੍ਹਾਂ ਵਿਚੋਂ ਸਾਡੇ ਸੱਭਿਆਚਾਰ, ਸਾਂਝੀਆਂ ਖੁਸ਼ੀਆਂ, ਗ਼ਮੀਆਂ, ਤਿੱਥ-ਤਿਉਹਾਰਾਂ, ਸਾਂਝੀਆਂ ਖੇਡਾਂ, ਸਾਂਝੇ ਮੇਲੇ, ਮੁਸਾਹਬੇ ਆਦਿ ਦ੍ਰਿਸ਼ਟੀਗੋਚਰ ਹੁੰਦੇ ਹਨ। ਪੰਜਾਬੀਅਤ ਦੇ ਭਾਵਾਂ ਨੂੰ ਉਜਾਗਰ ਕਰਨ ਵਾਲਾ ਸਭ ਤੋਂ ਮਹੱਤਵਪੂਰਨ ਤੱਥ ਪੰਜਾਬੀ ਜ਼ੁਬਾਨ ਹੈ ਜਿਸ ਦੀ ਸਰਵਪੱਖੀ ਉਨਤੀ ਦਾ ਉਹ ਤਨੋ-ਮਨੋ ਉਪਾਸ਼ਕ ਹੈ। ਆਪਣੀ ਕਵਿਤਾ ' ਆਰਤੀ' ਵਿਚ ਪੰਜਾਬੀ ਮਾਂ ਬੋਲੀ ਦੀ ਜੈ-ਜੈ ਕਾਰ ਕਰਦਾ ਹੋਇਆ ਕਵੀ ਮਾਤ ਭਾਸ਼ਾ ਵੱਲ ਅਣਗਹਿਲੀ ਵਰਤਣ ਵਾਲਿਆ ਨੂੰ ਇਸ ਤਰ੍ਹਾਂ ਲਾਹਨਤਾਂ ਪਾਉਂਦਾ ਹੈ:

ਤੇਰੀ ਜੈ ਪੰਜਾਬੀ ਮਾਤਾ, ਤੇਰੇ ਪੂਜੇ ਚਰਨ ਬਿਧਾਤਾ
ਤੂੰ ਹੈ ਸਾਡੀ ਮਿੱਠੀ ਬੋਲੀ, ਬੋਲ ਬੋਲ ਵਿਚ ਮਿਸ਼ਰੀ ਘੋਲੀ
ਪੈਰਾਂ ਦੇ ਵਿਚ ਗੈਰਾਂ ਰੋਲੀ, ਕਦਰ ਨਾ ਤੇਰਾ ਜਾਤਾ
ਤੇਰੀ ਜੈ ...............................................
ਸ਼ਰਫ ਰਚਨਾਵਲੀ ਭਾਗ ਜ਼ ਪੰਨਾ [3]

ਸ਼ਰਫ ਪੰਜਾਬੀ ਭਾਸ਼ਾ ਦੀ ਸੇਵਾ ਕਰਦਾ ਤੇ ਸੋਹਿਲੇ ਗਾਉਂਦਾ ਥੱਕਦਾ ਨਹੀਂ, ਉਸਨੂੰ ਇਸ ਗੱਲ ਦਾ ਕਦਾਚਿਤ ਦੁੱਖ ਨਹੀਂ ਕਿ ਕੋਈ ਹੋਰ ਭਾਸ਼ਾ ਕਿਉਂ ਸਿੱਖਦਾ ਹੈ, ਦੁੱਖ ਇਸ ਗੱਲ ਦਾ ਹੈ ਕਿ ਕੋਈ ਪੰਜਾਬੀ ਨੂੰ ਤਿਆਗ ਕੇ ਜਾਂ ਵਿਸਾਰ ਕੇ ਹੋਰ ਭਾਸ਼ਾ ਦੀ ਝੋਲੀ ਕਿਉਂ ਪੈ ਜਾਵੇ। ਇਸ ਮਨੋ ਭਾਵਨਾ ਦੇ ਝਿਲਕਾਰੇ ਉਸਦੀ ਕਵਿਤਾ ' ਮੈਂ ਪੰਜਾਬੀ' ਵਿਚੋ ਸਹਿਜਭਾਵ ਦੇਖੇ ਜਾ ਸਕਦੇ ਹਨ।

ਮੈਂ ਪੰਜਾਬੀ ਪੰਜਾਬ ਦੇ ਰਹਿਣ ਵਾਲਾ
ਹਾਂ ਮੈਂ ਪੇਂਡੂ ਪਰ ਸ਼ਹਿਰੀਏ ਰੰਗ ਦਾ ਹਾਂ
ਸਮਝਾਂ ਫ਼ਾਰਸੀ ਉਰਦੂ ਵੀ ਖੂਬ ਬੋਲਾਂ
ਥੋੜ੍ਹੀ ਬਹੁਤੀ ਅੰਗਰੇਜ਼ੀ ਵੀ ਅੰਗਦਾ ਹਾਂ
.........................................
.........................................
ਮੈਂ ਪੰਜਾਬੀ, ਪੰਜਾਬ ਦਾ ਸ਼ਰਫ਼ ਸੇਵਕ
ਸਦਾ ਖ਼ੈਰ ਪੰਜਾਬੀ ਦੀ ਮੰਗਦਾ ਹਾਂ।
ਸ਼ਰਫ ਰਚਨਾਵਲੀ, ਭਾਗ ਦੂਜਾ ਪੰਨਾ [5]

ਸ਼ਰਫ ਪੰਜਾਬੀ ਭਾਸ਼ਾ ਨਾਲ ਅਥਾਹ ਪਿਆਰ ਕਰਦਾ ਹੋਇਆ ਇਸ ਨੂੰ ਸੰਸਾਰ ਦੇ ਕੋਨੇ-ਕੋਨੇ ਵਿਚ ਰਾਣੀ ਬਣਿਆ ਦੇਖਣਾ ਚਾਹੁੰਦਾ ਹੈ, ਪਰ ਅਫ਼ਸੋਸ ਕਿ ਉਹ ਅੰਦਰੋ-ਅੰਦਰੀ ਦੁਖੀ ਹੁੰਦਾ ਹੈ ਕਿਉਂਕਿ ਲੋਕ ਆਪਣੀ ਮਾਂ ਬੋਲੀ ਤੋਂ ਬੇਮੁੱਖ ਹੋ ਕੇ ਹੋਰਨਾ ਭਾਸ਼ਾਵਾਂ ਦਾ ਪੱਲਾ ਫੜ੍ਹੀ ਫਿਰਦੇ ਹਨ। ਉਸਨੂੰ 'ਪੰਜਾਬੀ ਰਾਣੀ' ਦੇ ਉਨ੍ਹਾਂ ਪੁੱਤਰਾਂ ਤੇ ਗਿਲਾ ਹੈ ਜਿਨ੍ਹਾਂ ਨੇ ਉਸ ਤੋਂ ਮੂੰਹ ਮੋੜ ਲਿਆ ਹੈ ਤੇ ਇਸ ਦੀ ਕਦਰ ਨਹੀਂ ਕਰਦੇ:-

ਮੁੱਠਾਂ ਮੀਟਕੇ ਨੁਕਰੇ ਹਾਂ ਬੈਠੀ
ਟੁਟੀ ਹੋਈ ਸਿਤਾਰ ਰਬਾਬੀਆਂ ਦੀ
ਪੁੱਛੀ ਵਾਤ ਨਾ ਜਿਨ੍ਹਾਂ ਨੇ ਸ਼ਰਫ਼ ਮੇਰੀ
ਵੇ ਮੈਂ ਬੋਲੀ ਹਾਂ ਉਨ੍ਹਾਂ ਪੰਜਾਬੀਆਂ ਦੀ
ਸ਼ਰਫ ਰਚਨਾਵਲੀ ਭਾਗ ਪਹਿਲਾ ਪੰਨਾ 101

ਸ਼ਰਫ ਦੀ ਕਵਿਤਾ ਵਿਚੋਂ ਕੇਵਲ ਪੰਜਾਬੀ ਭਾਸ਼ਾ ਪ੍ਰਤੀ ਮੋਹ ਜਾਂ ਚਿੰਤਾ ਹੀ ਨਜ਼ਰ ਨਹੀਂ ਆਉਂਦੀ ਸਗੋਂ ਉਹ ਤਾਂ ਪੰਜਾਬ ਦੇ ਲੋਕਾਂ ਦੇ ਰਹਿਣ-ਸਹਿਣ, ਮੇਲੇ-ਤਿਉਹਾਰਾਂ, ਰਸਮਾਂ ਦੇ ਨਾਲ-ਨਾਲ ਪੰਜਾਬ ਦੀ ਪ੍ਰਕਿਰਤੀ ਨਾਲ ਵੀ ਡੂੰਘਾ ਪਿਆਰ ਪ੍ਰਗਟਾਉਂਦਾ ਹੈ। ਭਾਂਤ-ਭਾਂਤ ਦੇ ਫੁੱਲਾਂ ਦੇ ਖੇੜੇ ਵਿਚੋਂ ਪ੍ਰਕਿਰਤੀ ਉਸਨੂੰ ਹੱਸਦੀ ਨਜ਼ਰ ਆਉਂਦੀ ਹੈ। ਲਹਿ-ਲਹਾਂਦੀਆਂ ਫ਼ਸਲਾਂ ਅਤੇ ਦਰਿਆਵਾਂ ਨੂੰ ਦੇਖਕੇ ਸ਼ਰਫ਼ ਪ੍ਰਸੰਨ ਹੋ ਉੱਠਦਾ ਹੈ:-

ਮੌਜ਼ ਲਾਈ ਦਰਿਆਵਾਂ ਸੋਹਣੀ, ਬਾਗ ਜ਼ਮੀਨਾਂ ਫਲਦੇ
ਸ਼ਰਫ਼ ਪੰਜਾਬੀ ਧਰਤੀ ਉੱਤੇ, ਠੁਮਕ-ਠੁਮਕ ਪਏ ਚਲਦੇ
ਸ਼ਰਫ਼ ਰਚਨਾਵਲੀ, ਭਾਗ ਦੂਜਾ ਪੰਨਾ [4]

ਵਹਿਮ-ਭਰਮ, ਲੋਕ-ਵਿਸ਼ਵਾਸ ਕਿਸੇ ਵੀ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹਨ ਭਾਵੇ ਅਸੀਂ ਵਿਗਿਆਨਕ ਯੁੱਗ ਦੇ ਧਾਰਨੀ ਵੀ ਹੋ ਗਏ ਹਾਂ ਪਰ ਇਨ੍ਹਾਂ ਤੋ ਫਿਰ ਵੀ ਲੁਕਾਈ ਆਪਣਾ ਖਹਿੜਾ ਨਹੀਂ ਛੁਡਵਾ ਸਕੀ। ਭਾਂਵੇ ਸਰੀਰਕ ਅੰਗਾਂ ਦੀ ਹਿਲਜੁਲ ਹੋਵੇ ਤੇ ਭਾਵੇਂ ਕਿਸੇ ਦੀ ਨਜ਼ਰ ਲੱਗਣ ਦਾ ਡਰ, ਅਸੀ ਸੌ ਤਰ੍ਹਾਂ ਦੇ ਓੜ੍ਹ-ਪੋੜ੍ਹ ਕਰਦੇ ਹਾਂ ਨਿਤਾ ਪ੍ਰਤੀ ਅਜਿਹੀਆਂ ਅਨੇਕ ਨਿੱਕੀਆਂ-ਨਿੱਕੀਆਂ ਘਟਨਾਵਾਂ ਜਨਮ ਲੈਂਦੀਆਂ ਹਨ, ਪਰ ਅਸੀਂ ਕਿਸੇ ਨਾ ਕਿਸੇ ਤਰ੍ਹਾਂ ਉਨ੍ਹਾਂ ਨੂੰ ਇਨਾਂ ਵਹਿਮਾਂ-ਭਰਮਾਂ ਨਾਲ ਹੀ ਜੋੜ ਕੇ ਦੇਖਦੇ ਹਾਂ। ਆਦਮੀ ਦੀ ਖੱਬੀ ਅੱਖ ਫ਼ਰਕਣ ਤੇ ਸ਼ਰਫ਼ ਲਿਖਦਾ ਹੈ:

ਮੇਰੇ ਕਾਗ ਨੀ ਬੇਨ੍ਹਰੇ ਬੋਲੇ
ਅੱਜ ਮੇਰੇ ਲਾਲ ਆਉਣਾ
ਖੱਬੀ ਅੱਖ ਫ਼ਰਕੇ ਸਈਓ
ਆਟਾ ਮੇਰਾ ਭੁੜਕੇ ਸਈਓ
ਸ਼ਰਫ ਰਚਨਾਵਲੀ, ਭਾਗ ਦੂਜਾ ਪੰਨਾ 320

ਕਿਸੇ ਵੀ ਸਮਾਜ ਜਾਂ ਕੌਮ ਦੇ ਸੱਭਿਆਚਾਰ ਜਾਂ ਸੰਸਕ੍ਰਿਤੀ ਦੇ ਦਰਸ਼ਨ ਉਸ ਦੁਆਰਾ ਮਨਾਏ ਜਾਦੇਂ ਮੇਲਿਆਂ ਅਤੇ ਤਿਉਹਾਰਾਂ ਚੋਂ ਕੀਤੇ ਜਾਂਦੇ ਹਨ। ਪੰਜਾਬੀ ਵੈਸੇ ਵੀ ਮੇਲਿਆਂ- ਤਿਉਹਾਰਾਂ ਦਾ ਮੁੱਢ ਤੋਂ ਹੀ ਸ਼ੌਕੀਨ ਰਿਹਾ ਹੈ। ਪੰਜਾਬ ਦੇ ਮੇਲੇ ਵੈਸੇ ਵੀ ਪੰਜਾਬੀਆਂ ਦੀ ਜਿੰਦਾਦਿਲੀ ਅਤੇ ਜ਼ਿੰਦਗੀ ਨੂੰ ਪੂਰਨ ਰੂਪ ਵਿਚ ਮਾਨਣ, ਚਾਅ ਅਤੇ ਉਤਸ਼ਾਹ ਦੇ ਪ੍ਰਤੀਕ ਹਨ। ਬਸੰਤ ਦੇ ਮੇਲੇ ਸਮੇਂ ਕੁਦਰਤੀ ਨਜ਼ਾਰੇ ਵੇਖਣਯੋਗ ਹੁੰਦੇ ਹਨ। ਆਦਮੀ ਤੇ ਔਰਤਾਂ ਕਿਸ ਤਰ੍ਹਾਂ ਬਸੰਤੀ ਰੰਗ ਦੇ ਕੱਪੜੇ ਪਹਿਨ ਕੇ ਮੇਲੇ ਵਿਚ ਇਕੱਤਰ ਹੁੰਦੇ ਹਨ, ਸ਼ਰਫ ਲਿਖਦਾ ਹੈ:

ਕਰਾਵਾਂ ਜਰਾ ਤੈਨੂੰ ਉਹ ਯਾਦ ਵੇਲਾ
ਬਸੰਤ ਆ ਗਈ ਸੀ ਤੇ ਹੋਣਾ ਸੀ ਮੇਲਾ
ਅਸਾਂ ਦੋਹਾਂ ਰਲਕੇ ਸਲਾਹ ਇਹ ਪਕਾਈ
ਇਕ ਪਗੜੀ ਤੇ ਸਾੜ੍ਹੀ ਬਸੰਤ ਰੰਗਾਈ
ਸ਼ਰਫ ਰਚਨਾਵਲੀ, ਭਾਗ ਦੂਜਾ ਪੰਨਾ 46

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਕਿ ਸ਼ਰਫ ਦੀ ਕਾਵਿ ਕਿਆਰੀ ਵਿਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਵੱਖ-ਵੱਖ ਭਾਂਤ ਦੇ ਫੁੱਲ ਮਹਿਕਾਂ ਖਿਲਾਰਦੇ ਨਜ਼ਰ ਆਉਂਦੇ ਹਨ। ਸ਼ਰਫ ਦੀ ਖਾਸੀਅਤ ਹੈ ਕਿ ਉਸਨੇ ਪੰਜਾਬੀਅਤ ਦਾ ਹਰ ਅੰਸ਼ ਆਪਣੀਆਂ ਰਚਨਾਵਾਂ ਵਿਚ ਬੜੇ ਹੀ ਸਰਲ ਤੇ ਢੁਕਵੇਂ ਸ਼ਬਦਾਂ ਵਿਚ ਉਲੀਕਿਆ ਹੈ। ਪੰਜਾਬੀਅਤ ਉਸਦੀ ਰਚਨਾ ਵਿਚ ਆਪ ਮੁਹਾਰੇ ਹੀ ਉਘੜਦੀ ਨਜ਼ਰ ਆਉਂਦੀ ਹੈ ਨਿਸ਼ਚੇ ਹੀ ਸ਼ਰਫ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦਾ ਆਪਣੇ ਸਮੇਂ ਦਾ ਸਭ ਤੋਂ ਵੱਡਾ ਅਲਮਬਰਦਾਰ ਸੀ ਜਿਸ ਸਬੰਧੀ ਪ੍ਰੋ: ਪਿਆਰਾ ਸਿੰਘ ਪਦਮ ਲਿਖਦੇ ਹਨ:

"ਦਰਅਸਲ ਜੇ ਧਿਆਨ ਨਾਲ ਦੇਖਿਆ ਜਾਵੇ ਤਾਂ ਉਨ੍ਹਾਂ ਦੀ ਸਾਰੀ ਸ਼ਾਇਰੀ ਦਾ ਧੁਰਾ , ਸੱਚਾ ਤੇ ਗੂੜ੍ਹਾ ਪੰਜਾਬੀ ਪ੍ਰੇਮ ਹੀ ਹੈ ਜਿਸਦੇ .. ਪਿਆਰ ਤੇ ਦਰਦ ਨੇ ਉਨਾਂ ਦੇ ਦਿਲ ਵਿਚੋਂ ਸ਼ਾਇਰੀ ਦਾ ਸੋਮਾ ਵਹਾਇਆ ਹੈ। ਉਨ੍ਹਾਂ ਦੀ ਜ਼ਿੰਦਗੀ ਦਾ ਸੁਪਨਾ, ਉਨਾਂ ਦੀ ਸਾਰੀ ਸ਼ਾਇਰੀ ਦਾ ਨਿਸ਼ਾਨਾ ਪੰਜਾਬੀ ਨੂੰ ਉਚਾ ਦੇਖਣ ਦਾ ਸੀ" [4]

ਡਾ. ਹਰਨੇਕ ਸਿੰਘ ਕੋਮਲ, ਸ਼ਰਫ ਦੀ ਪੰਜਾਬੀਅਤ ਦਾ ਜ਼ਿਕਰ ਕਰਦੇ ਹੋਇਆਂ ਲਿਖਦੇ ਹਨ:-
"ਫਿਰੋਜ਼ਦੀਨ ਸ਼ਰਫ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਦੀਵਾਨਾ ਸ਼ਾਇਰ ਹੈ। ਉਹ ਪੰਜਾਬ ਦਾ ਅਜਿਹਾ ਢਾਡੀ ਹੈ ਜਿਸਨੇ ਪੰਜਾਬ ਦੀ ਧਰਤੀ ਇਸਦੇ ਲੋਕਾਂ, ਭਾਸ਼ਾ ਅਤੇ ਸਭਿਆਚਾਰ ਦਾ ਜੱਸ ਆਪਣੀ ਕਵਿਤਾ ਦੁਆਰਾ ਗਾਇਆ" [5]

"ਕਿਰਪਾਲ ਸਿੰਘ ਕੋਮਲ ਦੇ ਸ਼ਬਦਾ ਵਿਚ ਜੇ ਸੱਚ ਪੁੱਛੋ ਤਾਂ ਸ਼ਰਫ ਦੀ ਸ਼ਾਇਰੀ ਵਿਚੋਂ ਪੰਜਾਬੀ ਪਿੰਡ ਦੇ ਕਿਸੇ ਤਪਦੇ ਤੰਦੂਰ ਵਿਚੋਂ ਪੱਕ ਕੇ ਨਿਕਲੀ ਕਣਕ ਦੀ ਸੱਜਰੀ ਰੋਟੀ ਦੀ ਪਹਿਲੀ ਬੁਰਕੀ ਵਰਗਾ ਸੁਆਦ ਆਉਂਦਾ ਹੈ।" [6]

### ਸਹਾਇਕ ਪੁਸਤਕਾਂ ਅਤੇ ਟਿੱਪਣੀਆਂ

1. ਦਰਸ਼ਨ ਸਿੰਘ ਅਵਾਰਾ (ਸੰਪਾਦਕ) ਸ਼ਰਫ਼ ਰਚਨਾਵਲੀ ਭਾਗ ਪਹਿਲਾ, ਦੂਜਾ

2. ਡਾ. ਪਰਮਿੰਦਰ ਸਿੰਘ, ਬਾਬੂ ਫੀਰੋਜ਼ਦੀਨ ਸ਼ਰਫ ਜੀਵਨ ਤੇ ਰਚਨਾ, ਪੰਨਾ 9
3. ਉਹੀ, ਪੰਨਾ 4
4. ਧਨਵੰਤ ਕੌਰ (ਸੰਪਾ), ਪੰਜਾਬੀਅਤ ਸੰਕਲਪ ਅਤੇ ਸਰੂਪ ਪੰਨਾ 33
5. ਡਾ. ਪਰਮਿੰਦਰ ਸਿੰਘ ਬਾਬੂ ਫੀਰੋਜਦੀਨ ਸ਼ਰਫ ਜੀਵਨ ਤੇ ਰਚਨਾ ਪੰਨਾ 21
6. ਉਹੀ ਪੰਨਾ 21-22
7. ਸ਼ਕੁੰਤਲਾ ਰਾਣੀ, ਪੰਜਾਬ, ਪੰਜਾਬੀਅਤ ਤੇ ਸ਼ਰਫ ਕਾਵਿ, ਪੰਨਾ 87